# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਸੰਗਰੂਰ।

ਵੱਲ:

ਪ੍ਰਿੰਸੀਪਲ/ਸਕੂਲ ਮੁਖੀ,
ਸਮੂਹ ਸਹਸ, ਸਸਸਸ,
ਸੰਗਰੂਰ।

ਪੱਤਰ ਨੰਬਰ: ਐੱਸ.ਐੱਸ.ਏ./ਐੱਮ.ਆਈ.ਐੱਸ/2015/ 471 ਮਿਤੀ:01-06-2015

ਵਿਸ਼ਾ: ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲੇ ਸਬੰਧੀ ਹਦਾਇਤਾਂ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2015-16 ਦੌਰਾਨ ਪੰਜਾਬ ਰਾਜ ਵਿੱਚ ਚੱਲ ਰਹੇ ਛੇ (6) ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲਿਆਂ ਦੀ ਪ੍ਰਕਿਰਿਆ 1 ਜੂਨ, 2015 ਤੋਂ ਸ਼ੁਰੂ ਹੋ ਰਹੀ ਹੈ। ਉਪਰੋਕਤ ਸਕੂਲਾਂ ਵਿੱਚ ਸਮੂਹ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਜਿੰਨ੍ਹਾਂ ਨੇ ਮੈਟ੍ਰਿਕ ਪ੍ਰੀਖਿਆ ਮਾਰਚ 2015 ਵਿੱਚ 80% ਜਾਂ ਇਸ ਤੋਂ ਵੱਧ ਨੰਬਰ ਪ੍ਰਾਪਤ ਕੀਤੇ ਹੋਣ, ਅਪਲਾਈ ਕਰਨ ਦੇ ਯੋਗ ਹਨ।ਇਸ ਸਬੰਧੀ ਹੇਠ ਲਿਖੀਆ ਹਦਾਇਤਾਂ ਦਾ ਧਿਆਨ ਰੱਖਿਆ ਜਾਵੇ:

1. ਦਾਖਲੇ **Online Apply** ਕਰਨ ਦਾ ਸਮਾਂ 01-06-2015 ਤੋਂ 15-06-2015 ਸ਼ਾਮ 5 ਵਜੇ ਤੱਕ ਹੈ।

2. ਦਾਖਲੇ ਲਈ **www.ssapunjab.org** ਦੇ ਪੇਜ਼ ਲਿੰਕ **e.ssapunjab.org** ਉੱਪਰ **Login** ਕੀਤਾ ਜਾਵੇ।

3. ਦਾਖਲਾ apply ਕਰਨ ਸਮੇਂ ਮੋਬਾਇਲ ਨੰਬਰ ਦਰਜ ਕਰਨਾ ਜ਼ਰੂਰੀ ਹੈ ਅਤੇ ਅਪਲਾਈ ਕਰਨ ਸਮੇ ਦਰਜ਼ ਕੀਤੇ ਗਏ ਮੋਬਾਇਲ ਉੱਪਰ ਸਿਸਟਮ ਵਲੋਂ ਵੈਰੀਫਿਕੇਸ਼ਨ ਕੋਡ ਆਵੇਗਾ, ਇਸ ਲਈ ਅਪਲਾਈ ਕਰਨ ਸਮੇਂ ਮੋਬਇਲ ਨਾਲ ਲਿਜਾਇਆ ਜਾਵੇ।

4. ਅਪਲਾਈ ਕਰਨ ਸਮੇਂ ਵਿਦਿਆਰਥੀ ਦਾ ਦਸਵੀ ਜਮਾਤ ਦਾ ਬੋਰਡ ਦਾ ਰੋਲ ਨੰਬਰ, ਨਾਮ, ਪਿਤਾ ਦਾ ਨਾਂ, ਮਾਤਾ ਦਾ ਨਾਂ, ਜਨਮ ਮਿਤੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵੇਰਵਿਆਂ ਨਾਲ ਮੇਲ ਖਾਂਦੇ ਹੋਣੇ ਚਾਹੀਦੇ ਹਨ।

5. ਸਮੂਹ ਸਕੂਲ ਮੱਖੀ ਨੂੰ ਹਦਾਇਤ ਕੀਤੀ ਜਾਦੀ ਹੈ ਕਿ ਮੈਰੀਟੋਰਿਅਸ ਦਾਖਲੇ ਲਈ ਹਰ ਹਾਲਤ ਵਿੱਚ ਆਪਣੇ ਸਕੂਲ ਦੇ ਯੋਗ ਵਿਦਿਆਰਥੀਆਂ ਨੂੰ ਨਿੱਜੀ ਤੌਰ ਤੇ ਸਕੂਲ ਵਿੱਚ ਬੁਲਾ ਕੇ ਦਾਖਲੇ ਸਬੰਧੀ ਜਾਣੂ ਕਰਵਾਇਆ ਜਾਵੇ ਅਤੇ ਯਕੀਨੀ ਬਣਾਇਆ ਜਾਵੇ ਕਿ ਸਕੂਲ ਦਾ ਕੋਈ ਵੀ ਯੋਗ ਵਿਦਿਆਰਥੀ ਅਪਲਾਈ ਕਰਨ ਤੋਂ ਰਹਿ ਨਾ ਜਾਵੇ।

6. ਜਿਲ੍ਹਾ ਪੱਧਰ ਤੇ ਆਨਲਾਈਨ ਦਾਖਲੇ / ਅਪਲਾਈ ਕਰਨ ਲਈ ਸਥਾਨ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ) ਸੰਗਰੂਰ, ਮੈਗਜੀਨ ਮੁੱਹਲਾ ਨਜਦੀਕ ਰਾਮ ਪੁਲੀ ਵਾਲਾ ਵਿਖੇ ਪੰਹੁਚ ਕੇ ਯੋਗ ਵਿਦਿਆਰਥੀ ਅਪਲਾਈ ਕਰ ਸਕਦੇ ਹਨ।ਇਸ ਲਈ ਜ਼ਿਲ੍ਹਾ ਐੱਮ.ਆਈ.ਐੱਸ. ਕੋਆਰਡੀਨੇਟਰ ਸ਼ਕੀਲ ਗਰਗ ਮੋਬਾਇਲ ਨੰ: 78140-99955 ਆਨਲਾਈਨ ਦਾਖਲੇ ਅਤੇ ਕੌਂਸਲਿੰਗ ਲਈ ਸੰਪਰਕ ਕੀਤਾ ਜਾਵੇ।

7. ਇਸ ਸਬੰਧੀ ਕੋਈ ਸਮੱਸਿਆ ਆਉਣ ਤੇ ਸਟੇਟ ਦਫਤਰ ਦੇ ਫੋਨ ਨੰਬਰ 0172-5212318 ਅਤੇ 0172-5212332 ਉੱਪਰ ਸੰਪਰਕ ਕੀਤਾ ਜਾ ਸਕਦਾ।ਸਟੇਟ ਦਫਤਰ ਵਲੋਂ ਕੌਂਸਲਿੰਗ ਦੀ ਮਿਤੀ 18-06-2015 ਨਿਰਧਾਰਿਤ ਕੀਤੀ ਗਈ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਸੰਗਰੂਰ।
(Co-ordinator)
01/6/2015